# Celebration of Africa Day

May 25, 2022

## ਅਫਰੀਕਾ ਦਿਹਾੜੇ ਦੇ ਜਸ਼ਨ

**25 ਮਈ, 2022**

ਨਵੀਂ ਦਿੱਲੀ ਵਿੱਚ ਅਫਰੀਕਨ ਮਿਸ਼ਨਾਂ ਦੇ ਮੁਖੀਆਂ ਅਤੇ ਵਿਦੇਸ਼ ਮੰਤਰਾਲੇ ਨੇ 25 ਮਈ, 2022 ਨੂੰ ਹੋਟਲ ਤਾਜ ਪੈਲੇਸ (ਨਵੀਂ ਦਿੱਲੀ) ਵਿਖੇ ਸਾਂਝੇ ਤੌਰ 'ਤੇ ਅਫਰੀਕਾ ਦਿਹਾੜਾ ਮਨਾਇਆ। ਵਿਦੇਸ਼ ਰਾਜ ਮੰਤਰੀ ਡਾ: ਰਾਜਕੁਮਾਰ ਰੰਜਨ ਸਿੰਘ ਨੇ ਇਸ ਮੌਕੇ ਮੁੱਖ ਮਹਿਮਾਨ ਵਜੋਂ ਮੁੱਖ ਭਾਸ਼ਣ ਦਿੱਤਾ ਅਤੇ ਅਫ਼ਰੀਕੀ ਦੇਸ਼ਾਂ ਨਾਲ ਬਹੁਪੱਖੀ ਸਬੰਧਾਂ 'ਤੇ ਚਾਨਣਾ ਪਾਇਆ।

ਅਫਰੀਕਾ ਦਿਹਾੜਾ 1963 ਵਿੱਚ ਅਫਰੀਕਨ ਏਕਤਾ ਸੰਗਠਨ ਦੀ ਨੀਂਹ ਰੱਖੇ ਜਾਣ ਅਤੇ ਆਜ਼ਾਦੀ ਹਾਸਲ ਕਰਨ ਦੀ ਸਾਲਾਨਾ ਯਾਦਗਾਰ ਹੈ। ਇਹ ਮੌਕਾ ਮਹਾਂਦੀਪ ਦੀ ਵਨ ਸੁਵੰਨੀ ਵਿਰਾਸਤ ਦਾ ਜਸ਼ਨ ਮਨਾਉਣ ਅਤੇ ਉਸ ਨੂੰ ਸਮਝਣ ਅਤੇ ਅਫ਼ਰੀਕੀ ਮਹਾਂਦੀਪ ਦੀ ਆਰਥਿਕ ਸਮਰੱਥਾਵਾਂ ਨੂੰ ਸਵੀਕਾਰ ਕਰਨ ਦਾ ਮੌਕਾ ਹੈ। ਬੀਤੇ ਸਾਲਾਂ ਦੌਰਾਨ ਵਿਦੇਸ਼ ਮੰਤਰਾਲੇ ਨੇ ਭਾਰਤੀ ਵਿਦੇਸ਼ ਨੀਤੀ ਵਿੱਚ ਅਫਰੀਕਾ ਦੀ ਮਹੱਤਤਾ ਦ ਏਪ੍ਰਤੀਕ ਵਜੋਂ ਇਸ ਸਾਲਾਨਾ ਜਸ਼ਨ ਲਈ ਆਪਣੀ ਹਮਾਇਤ ਵਿੱਚ ਵਾਧਾ ਕੀਤਾ ਹੈ।

ਅਫ਼ਰੀਕਾ ਨਾਲ ਭਾਰਤ ਦੀ ਵਿਰਾਸਤੀ ਅਤੇ ਇਤਿਹਾਸਕ ਭਾਈਵਾਲੀ ਭਾਰਟੇ ਪੱਖ ਵੱਲੋਂ ਰਾਜ ਮੁਖੀ/ਸਰਕਾਰ ਦੇ ਮੁਖੀ ਅਤੇ ਉਪ ਰਾਸ਼ਟਰਪਤੀ ਦੇ ਪੱਧਰ 'ਤੇ 34 ਦੌਰਿਆਂ ਅਤੇ ਅਫ਼ਰੀਕੀ ਨੇਤਾਵਾਂ ਵੱਲੋਂ ਕੀਤੇ ਗਏ ਭਾਰਤ ਦੇ 100 ਤੋਂ ਦੌਰਿਆਂ ਸਣੇ ਰਾਜਨੀਤਿਕ ਜੁੜਾਅ ਰਾਹੀਂ ਹੋਰ ਮਜ਼ਬੂਤ ਹੋਈ ਹੈ। ਇਸ ਤੋਂ ਇਲਾਵਾ ਭਾਰਤ ਦੇ ਕੇਂਦਰੀ ਮੰਤਰੀਆਂ ਨੇ ਅਫਰੀਕਾ ਦੇ ਹਰ ਦੇਸ਼ ਦਾ ਦੌਰਾ ਕੀਤਾ ਹੈ। ਭਾਰਤ ਨੇ ਅਫ਼ਰੀਕਾ ਵਿੱਚ 18 ਨਵੇਂ ਕੂਟਨੀਤਕ ਮਿਸ਼ਨ ਖੋਲ੍ਹ ਕੇ ਆਲਮੀ ਪੱਧਰ 'ਤੇ ਆਪਣੇ ਕੂਟਨੀਤਕ ਵਜੂਦ ਨੂੰ ਵਿਸਥਾਰ ਦਿੱਤਾ ਹੈ, ਜਿਸ ਨਾਲ ਮਹਾਂਦੀਪ ਵਿੱਚ ਕੁੱਲ ਭਾਰਤੀ ਮਿਸ਼ਨਾਂ ਦੀ ਗਿਣਤੀ 47 ਹੋ ਗਈ ਹੈ। ਅਫ਼ਰੀਕਾ ਨਾਲ ਭਾਰਤ ਦੀ ਸ਼ਮੂਲੀਅਤ ਬਾਰੇ ਪ੍ਰਧਾਨ ਮੰਤਰੀ ਮੋਦੀ ਦੇ 10 ਮਾਰਗਦਰਸ਼ਕ ਸਿਧਾਂਤ ਬਦਲਦੀ ਦੁਨੀਆ ਅੰਦਰ ਅਫ਼ਰੀਕਾ ਨਾਲ ਭਾਰਤ ਦੇ ਬਹੁ-ਆਯਾਮੀ ਸਬੰਧਾਂ ਵਿੱਚ ਮੁੱਖ ਸਾਧਨ ਵਜੋਂ ਕੰਮ ਕਰ ਰਹੇ ਹਨ।

ਭਾਰਤ ਦੇ ਰਿਆਇਤੀ ਕਰਜ਼ੇ, ਗ੍ਰਾਂਟਾਂ ਅਤੇ ਸਮਰੱਥਾ ਨਿਰਮਾਣ ਪ੍ਰੋਗਰਾਮ ਨੇ ਅਫਰੀਕਾ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਹੁਣ ਤੱਕ 12.26 ਅਰਬ ਅਮਰੀਕੀ ਡਾਲਰ ਦਾ ਕਰਜ਼ਾ ਅਫਰੀਕੀ ਦੇਸ਼ਾਂ ਨੂੰ ਦਿੱਤਾ ਗਿਆ ਹੈ, ਇਸ ਤਰ੍ਹਾਂ ਇਹ ਭਾਰਤ ਦੇ ਰਿਆਇਤੀ ਕਰਜ਼ੇ ਦਾ ਦੂਜਾ ਸਭ ਤੋਂ ਵੱਡਾ ਪ੍ਰਾਪਤਕਰਤਾ ਬਣ ਗਿਆ ਹੈ। ਇਹਨਾਂ ਕਰਜ਼ਿਆਂ ਨਾਲ ਵੱਖ-ਵੱਖ ਖੇਤਰਾਂ ਜਿਵੇਂ ਪੀਣ ਯੋਗ ਪਾਣੀ, ਖੇਤੀਬਾੜੀ ਦਾ ਮਸ਼ੀਨੀਕਰਨ ਅਤੇ ਸਿੰਜਾਈ, ਸੂਰਜੀ ਊਰਜਾ, ਪਾਵਰ ਪਲਾਂਟ, ਟਰਾਂਸਮਿਸ਼ਨ ਲਾਈਨਾਂ, ਸੀਮਿੰਟ ਅਤੇ ਸ਼ੂਗਰ ਪਲਾਂਟ, ਟੈਕਸਟਾਈਲ, ਤਕਨਾਲੋਜੀ ਪਾਰਕ ਅਤੇ ਰੇਲਵੇ ਬੁਨਿਆਦੀ ਢਾਂਚਾ ਆਦਿ ਵਿੱਚ 193 ਪ੍ਰੋਜੈਕਟ ਪੂਰੇ ਕੀਤੇ ਜਾ ਚੁੱਕੇ ਹਨ, 66 ਪ੍ਰੋਜੈਕਟ ਇਸ ਸਮੇਂ ਚੱਲ ਰਹੇ ਹਨ ਅਤੇ 88 ਸ਼ੁਰੂ ਕੀਤੇ ਜਾਣ ਦੇ ਪੜਾਅ ਵਿੱਚ ਹਨ.

2015 ਵਿੱਚ IAFS-III ਦੌਰਾਨ, ਭਾਰਤ ਨੇ ਭਾਰਤੀ ਤਕਨੀਕੀ ਅਤੇ ਆਰਥਿਕ ਸਹਿਯੋਗ (ITEC) ਅਤੇ ਹੋਰ ਵਜ਼ੀਫਾ ਪ੍ਰੋਗਰਾਮਾਂ ਤਹਿਤ 50,000 ਸਕਾਲਰਸ਼ਿਪਾਂ ਦਿੱਤੀਆਂ ਸਨ, ਜਿਨ੍ਹਾਂ ਵਿੱਚੋਂ 32,000 ਤੋਂ ਵੱਧ ਸਕਾਲਰਸ਼ਿਪ ਸਲਾਟ ਪਹਿਲਾਂ ਹੀ ਅਫਰੀਕੀ ਨੌਜਵਾਨਾਂ ਨੇ ਵਰਤ ਲਈਆਂ ਹਨ। ਇਸ ਸਮੇਂ ਹਜ਼ਾਰਾਂ ਅਫਰੀਕੀ ਵਿਦਿਆਰਥੀ ਸਵੈ-ਵਿੱਤ ਯੋਜਨਾ ਤਹਿਤ ਵੱਖ-ਵੱਖ ਭਾਰਤੀ ਯੂਨੀਵਰਸਿਟੀਆਂ ਵਿੱਚ ਉੱਚ ਵਿੱਦਿਆ ਲੈ ਰਹੇ ਹਨ।

ਡਿਜੀਟਲ ਪਾੜੇ ਨੂੰ ਪੂਰਨ ਦੇ ਇਰਾਦੇ ਨਾਲ ਭਾਰਤ ਸਰਕਾਰ MEA ਦੀ ਮੁੱਖ ਸਕੀਮ ਈ-ਵਿਦਿਆ ਭਾਰਤੀ ਫਾਰ ਟੈਲੀ-ਐਜੂਕੇਸ਼ਨ ਅਤੇ ਈ-ਆਰੋਗਯ ਭਾਰਤੀ ਫਾਰ ਟੈਲੀਮੈਡੀਸਨ (ਈ-ਵੀ.ਬੀ.ਏ.ਬੀ.) ਰਾਹੀਂ ਅਫਰੀਕੀ ਦੇਸ਼ਾਂ ਨੂੰ ਮਦਦ ਦੇ ਰਹੀ ਹੈ, ਜਿਸ ਤਹਿਤ ਆਨਲਾਈਨ ਸਿੱਖਿਆ ਨੂੰ ਹੱਲਾ ਸ਼ੇਰੀ ਦੇਣ ਲਈ 15,000 ਅਫਰੀਕੀ ਵਿਦਿਆਰਥੀਆਂ ਨੂੰ ਅੰਡਰਗਰੈਜੂਏਟ, ਪੋਸਟ ਗ੍ਰੈਜੂਏਟ ਅਤੇ ਡਿਪਲੋਮਾ ਕੋਰਸਾਂ ਵਿੱਚ ਸਕਾਲਰਸ਼ਿਪ ਦਿੱਤੀ ਜਾ ਰਹੀ ਹੈ। ਹੁਣ ਤੱਕ 19 ਅਫਰੀਕੀ ਦੇਸ਼ ਇਸ ਪਹਿਲ ਦੇ ਹਿੱਸੇਦਾਰ ਬਣ ਚੁੱਕੇ ਹਨ। ਇਸ ਤੋਂ ਛੁੱਟ ਭਾਰਤ ਨੇ ਅਫ਼ਰੀਕੀ ਨੌਜਵਾਨਾਂ ਦਰਮਿਆਨ ਡਿਜੀਟਲ ਸਾਖਰਤਾ ਨੂੰ ਉਤਸ਼ਾਹਿਤ ਕਰਨ ਲਈ ਮਿਸਰ, ਘਾਨਾ, ਲੇਸੋਥੋ, ਮੋਰੋਕੋ, ਨਾਮੀਬੀਆ, ਦੱਖਣੀ ਅਫਰੀਕਾ ਅਤੇ ਤਨਜ਼ਾਨੀਆ ਵਿੱਚ ਸੱਤ ਆਈਟੀ ਕੇਂਦਰ ਸਥਾਪਤ ਕੀਤੇ ਹਨ। ਅੱਠ ਵੋਕੇਸ਼ਨਲ ਟਰੇਨਿੰਗ ਸੈਂਟਰ (VTCs), ਮੈਡਾਗਾਸਕਰ ਅਤੇ ਨਾਈਜਰ ਵਿੱਚ ਜੀਓ-ਇਨਫੋਰਮੈਟਿਕਸ ਐਪਲੀਕੇਸ਼ਨ ਇਨ ਰੂਰਲ ਡਿਵੈਲਪਮੈਂਟ (ਸੀਜੀਏਆਰਡੀ) ਲਈ ਦੋ ਕੇਂਦਰ, ਜ਼ਿੰਬਾਬਵੇ ਵਿੱਚ ਟੈਕਨਾਲੋਜੀ ਕੇਂਦਰ ਦਾ ਅਪਗ੍ਰੇਡੀਕਰਨ ਅਫ਼੍ਰੀਕਾ ਦੇ ਡਿਜੀਟਲ ਪਰਿਵਰਤਨ ਅਤੇ ਹੁਨਰ ਨੂੰ ਵਧਾਉਣ ਵਿੱਚ ਯੋਗਦਾਨ ਦੇ ਰਹੇ ਹਨ।

ਵਪਾਰ ਅਤੇ ਆਰਥਿਕ ਮੋਰਚੇ 'ਤੇ ਭਾਰਤ 2018-19 ਦੌਰਾਨ 69.7 ਅਰਬ ਅਮਰੀਕੀ ਡਾਲਰ ਦਾ ਵਪਾਰ ਕਰਨ ਵਾਲਾ ਅਫਰੀਕਾ ਦਾ ਚੌਥਾ ਸਭ ਤੋਂ ਵੱਡਾ ਭਾਈਵਾਲ ਹੈ, ਅਤੇ 70.7 ਅਰਬ ਅਮਰੀਕੀ ਡਾਲਰ ਦੇ ਕੁਲ ਨਿਵੇਸ਼ ਵਾਲਾ ਅਫਰੀਕਾ ਵਿੱਚ ਪੰਜਵਾਂ ਸਭ ਤੋਂ ਵੱਡਾ ਨਿਵੇਸ਼ਕ ਹੈ। ਭਾਰਤ ਦਾ ਨਿਵੇਸ਼ ਤੇਲ ਅਤੇ ਗੈਸ, ਮਾਈਨਿੰਗ, ਬੈਂਕਿੰਗ, ਫਾਰਮਾ, ਟੈਕਸਟਾਈਲ, ਆਟੋਮੋਟਿਵ, ਖੇਤੀਬਾੜੀ ਆਦਿ ਖੇਤਰਾਂ ਵਿੱਚ ਹੋਇਆ ਹੈ। 38 ਅਫਰੀਕੀ ਦੇਸ਼ਾਂ ਨੇ ਭਾਰਤ ਸਰਕਾਰ ਦੀ ਡਿਊਟੀ ਫਰੀ ਟੈਰਿਫ ਪ੍ਰੈਫਰੈਂਸ (DFTP) ਸਕੀਮ ਦਾ ਲਾਹਾ ਲਿਆ ਹੈ, ਜੋ ਭਾਰਤ ਦੀਆਂ ਕੁੱਲ ਟੈਰਿਫ ਲਾਈਨਾਂ ਦੇ 98.2 ਪ੍ਰਤੀਸ਼ਤ ਤੱਕ ਡਿਊਟੀ ਮੁਕਤ ਪਹੁੰਚ ਦਿੰਦੀ ਹੈ।

ਕੋਵਿਡ ਮਹਾਂਮਾਰੀ ਦੌਰਾਨ ਭਾਰਤ ਸਰਕਾਰ ਨੇ 25 ਤੋਂ ਵੱਧ ਅਫਰੀਕੀ ਦੇਸ਼ਾਂ ਨੂੰ ਮਹਾਂਮਾਰੀ ਨਾਲ ਨਜਿੱਠਣ ਵਿੱਚ ਮਦਦ ਦੇਣ ਲਈ 150 ਟਨ ਡਾਕਟਰੀ ਸਹਾਇਤਾ ਤੋਹਫੇ ਵਜੋਂ ਦਿੱਤੀ ਹੈ। ਭਾਰਤ ਸਰਕਾਰ ਦੀ "ਟੀਕਾ ਮੈਤਰੀ" ਪਹਿਲ ਤਹਿਤ ਭਾਰਤ ਨੇ 42 ਅਫਰੀਕੀ ਦੇਸ਼ਾਂ ਨੂੰ 3. 759 ਕਰੋੜ ਖੁਰਾਕਾਂ (.105 ਕਰੋੜ ਖੁਰਾਕਾਂ ਗ੍ਰਾਂਟ ਅਧੀਨ, 1. 02 ਕਰੋੜ ਖੁਰਾਕਾਂ ਵਪਾਰਕ ਆਧਾਰ 'ਤੇ ਅਤੇ 2.638 ਕਰੋੜ GAVI ਦੀ COVAX ਪਹਿਲ ਅਧੀਨ) ਅਤੇ 3,25,000 ਖੁਰਾਕਾਂ ਸੰਯੁਕਤ ਰਾਸ਼ਟਰ ਦੇ ਸਿਹਤ ਕਰਮਚਾਰੀਆਂ ਅਤੇ ਸੰਯੁਕਤ ਰਾਸ਼ਟਰ ਸ਼ਾਂਤੀ ਰੱਖਿਅਕਾਂ ਨੂੰ ਸਪਲਾਈ ਕੀਤੀਆਂ ਹਨ। ਮਨੁੱਖੀ ਮਦਦ ਤਹਿਤ ਭਾਰਤ ਨੇ ਭੁੱਖਮਰੀ ਅਤੇ ਗਰੀਬੀ ਵਿਰੁੱਧ ਲੜਾਈ ਵਿੱਚ ਸਹਾਇਤਾ ਦੇਣ ਲਈ ਵੱਖ-ਵੱਖ ਅਫਰੀਕੀ ਦੇਸ਼ਾਂ ਨੂੰ 1. 58 ਕਰੋੜ ਅਮਰੀਕੀ ਡਾਲਰ ਦੀ ਖੁਰਾਕ ਸਹਾਇਤਾ ਪ੍ਰਦਾਨ ਕੀਤੀ ਹੈ।

ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਅਫਰੀਕਨ ਮਿਸ਼ਨਾਂ ਦੇ ਮੁਖੀ, ਨਵੀਂ ਦਿੱਲੀ ਵਿੱਚ ਕੂਟਨੀਤਕ ਅਮਲੇ, ਵਿਚਾਰਕ ਮੰਚ ਅਤੇ ਵਿਦੇਸ਼ ਮੰਤਰਾਲੇ ਅਤੇ ਭਾਰਤ ਸਰਕਾਰ ਦੇ ਹੋਰ ਮੰਤਰਾਲਿਆਂ ਦੇ ਸੀਨੀਅਰ ਅਧਿਕਾਰੀ ਸ਼ਾਮਲ ਹੋਏ।

ਨਵੀਂ ਦਿੱਲੀ
25 ਮਈ, 2022

DISCLAIMER: This is an approximate translation. The original is available in English on MEA's website and may be referred to as the official press release.